## ਮਿਤੀ 16-12-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ:100<br>ਮਿਤੀ:16-12-22<br>ਜੁਰਮ:363,366 ਆਈ.ਪੀ.ਸੀ<br>ਥਾਣਾ:- ਨਵਾ ਗ੍ਰਾਉ | ਪਿੰਕੀ ਪਤਨੀ ਵਿਨੋਦ ਕੁਮਾਰ ਵਾਸੀ ਨੇੜੇ ਗੈਸ ਏਜੰਸੀ 06 ਕਾਂਸਲ ਪੱਕਾ ਪਤਾ ਲਖੌਰਾ ਜਿਲ੍ਹਾ ਉਨਾਓ ਯੂ.ਪੀ | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਅਸੀ ਤਿੰਨ ਭੈਣ ਭਰਾ ਹਾਂ ਮੇਰੀ ਛੋਟੀ ਭੈਣ ਕਾਜਲ ਜਿਸਦੀ ਉਮਰ 16 ਸਾਲ 04 ਮਹੀਨੇ ਹੈ ਮਿਤੀ 14.12.2022 ਨੂੰ ਮੇਰੀ ਭੈਣ ਕਾਜਲ ਮੈਨੂੰ ਮਿਲਣ ਲਈ ਕਾਂਸਲ ਆਈ ਸੀ ਮਿਤੀ 15.12.2022 ਨੂੰ ਮੇਰੀ ਭੈਣ ਕਹਿਣ ਲੱਗੀ ਕਿ ਮੈ ਚਰਚ ਡਾਂਸ ਸਿੱਖਣ ਜਾਣਾ ਹੈ ਵਕਤ 10;00ਏ.ਐਮ ਪਰ ਕਾਜਲ ਚਰਚ ਚਲੀ ਗਈ ਜੋ ਨਾ ਤਾਂ ਮੇਰੀ ਘਰ ਗਈ ਨਾ ਤਾਂ ਮੇਰੇ ਕੋਲ ਆਈ ਮੈਨੂੰ ਸੱਕ ਹੈ ਕਿ ਮੇਰੀ ਭੈਣ ਨੂੰ ਕੋਈ ਨਾ-ਮਾਲੂਮ ਵਿਅਕਤੀ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਫੁਸਲਾ ਕੇ ਆਪਣੇ ਨਾਲ ਲੈ ਗਿਆ ਹੈ। |
| 2 | ਮੁਕੱਦਮਾ ਨੰ:101<br>ਮਿਤੀ:16-12-22<br>ਜੁਰਮ:13ਏ/3/67 ਜੂਆ ਐਕਟ<br>ਥਾਣਾ:- ਨਵਾ ਗ੍ਰਾਉ | ਸ:ਥ:ਦਿਲਬਾਗ ਸਿੰਘ 99887-10423 | ਰਾਜੇਸ ਛੱਤਰੀ ਪੁੱਤਰ ਰਾਮ ਬਹਾਦਰ ਵਾਸੀ ਮਕਾਨ ਨੰ:1412 ਅਦਾਰਸ ਨਗਰ ਨਵਾ ਗ੍ਰਾਉ | ਮਨ ਸ:ਥ:ਸਮੇਤ ਸਾਥੀ ਕਰਮਚਾਰੀਆ ਦੇ ਬਾ ਸਿਲਸਿਲਾ ਗਸਤ ਵਾ ਚੈਕਿੰਗ ਸੱਕੀ ਪੁਰਸਾ ਦੇ ਸੰਬੰਧ ਵਿੱਚ ਇਲਾਕਾ ਥਾਣਾ ਮਿਉਂਸੀਪਲ ਦਫਰਤ ਨਵਾ ਗ੍ਰਾਉ ਨੇੜੇ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਉਕਤ ਦੋਸੀ ਰਾਜੇਸ ਛੱਤਰੀ ਵਗੈਰਾ ਪਾਣੀ ਵਾਲੀ ਟੈਂਕੀ ਨੇੜੇ ਜੂਆ ਖੇਡ ਰਹੇ ਹਨ ਅਗਰ ਹੁਣੇ ਰੇਡ ਕੀਤੀ ਜਾਵੇ ਤਾਂ ਸਮਤ ਤਾਸ ਦੇ ਕਾਬੂ ਆ ਸਕਦੇ ਹਨ ਉਕਤ ਦੋਸੀ ਨੂੰ ਕਾਬੂ ਕੀਤਾ ਗਿਆ ਜਿਸ ਪਾਸੋ **13700 ਰੁਪਏ** ਜੂਆ ਦੇ ਬਰਾਮਦ ਹੋਏ। |
| 3 | ਮੁਕੱਦਮਾ ਨੰ:139<br>ਮਿਤੀ:16-12-22<br>ਜੁਰਮ:354,354ਏ,354ਡੀ, 506 ਆਈ.ਪੀ.ਸੀ<br>ਥਾਣਾ:- ਮਟੌਰ | ਕੰਚਨ ਠਾਕੁਰ ਪੁੱਤਰੀ ਸ੍ਰੀ ਅਜੀਤ ਸਿੰਘ ਵਾਸੀ ਮਕਾਨ ਨੰ:562 ਸਾਈਨ ਇਨਕਲੇਵ ਸੁਸਾਇਟੀ 05 ਸੈਕਟਰ -71 ਮੋਹਾਲੀ ਪੱਕਾ ਪਤਾ ਦੇਹਰਾ ਗੋਪ੍ਰੀਰ ਜਿਲ੍ਹਾ ਕਾਂਗੜਾ ਹਿਮਾਂਚਲ ਪ੍ਰਦੇਸ 97804-48547 ਉਮਰ 35 | ਦਿਨੇਸ ਕੁਮਾਰ ਪੁੱਤਰ ਅਮਰ ਸਿੰਘ ਵਾਸੀ ਮਕਾਨ ਨੰ:1623 ਫੇਸ-5 ਮੋਹਾਲੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਉਕਤ ਪਤੇ ਦੀ ਰਹਿਣ ਵਾਲੀ ਹਾਂ ਅਤੇ ਐਕਸਿਸ ਇੰਫੋਟੇਕ ਪ੍ਰਾਈ:ਲਿਮ:ਬੀ31ਇੰਡ:ਏਰੀਆ ਫੇਸ3 ਮੋਹਾਲੀ ਵਿੱਚ ਬਤੌਰ ਉਪ ਪ੍ਰਬੰਧਕ ਹਿਉਮਨ ਰੀਸੋਰਸਿਸ ਕੰਮ ਕਰਦੀ ਹੈ ਇਸੇ ਕੰਪਨੀ ਵਿੱਚ ਦਿਨੇਸ ਉਕਤ ਦੋਸੀ ਬਤੌਰ ਸਿਸਟਮ ਇੰਜੀਨਅਰ ਕੰਮ ਕਰਦਾ ਹੈ ਮਿਤੀ 29.07.22 ਨੂੰ ਮੈ ਘਰ ਤੋ ਕੰਪਨੀ ਦਾ ਕੰਮ ਕਰ ਰਹੀ ਸੀ ਤਾਂ ਮੈ ਉਸ ਸਮੇ ਮਕਾਨ ਨੰ:827 ਫੇਸ3ਬੀ1 ਪਰ ਕਿਰਾਏ ਤੇ ਰਹਿੰਦੀ ਸੀ ਇੱਕ ਦਿਨ ਮੇਰਾ ਲੈਪਟਾਪ ਖਰਾਬ ਹੋ ਗਿਆ ਤਾਂ ਮੈ ਕੰਪਨੀ ਵਿੱਚ ਕੰਪਲੇਟ ਕੀਤੀ ਤਾਂ ਮੈਨੂੰ ਦਿਨੇਸ ਦਾ ਫੋਨ ਆਇਆ ਕਿ ਮੈ ਤੁਹਾਡਾ ਲੈਪਟਾਪ ਠੀਕ ਕਰਨ ਲਈ ਲੈ ਕੇ ਜਾਣਾ ਹੈ ਤਾਂ ਆਪਣਾ ਪਤਾ ਦੱਸੋ ਮੈ ਉਸਨੂੰ ਪਤਾ ਦੱਸਿਆ ਜ ਘਰ ਆਇਆ ਜਿਸਨੂੰ ਮੈ ਲੈਪਟਾਪ ਫੜਾਇਆ ਤਾਂ ਉਸਨੇ ਮੇਰੀ ਬਾਂਹ ਫੜ੍ਹ ਲਈ ਤੇ ਅੰਦਰ ਆਉਣ ਦੀ ਕੋਸਿਸ ਕੀਤੀ ਮੈ ਇਹ ਗੱਲ ਕੰਪਨੀ ਦੇ ਹੈੱਡ ਨੂੰ ਦੱਸੀ ਫਿਰ ਵੀ ਉਹ ਮੇਰਾ ਪਿੱਛਾ ਕਰਦਾ ਰਿਹਾ ਤੇ ਫੋਨ ਤੇ ਮੈਸੇਜ ਕਰਦਾ ਰਹਿੰਦਾ ਸੀ ਕੰਪਨੀ ਨੇ ਉਸਨੂੰ ਨੌਕਰੀ ਤੋ ਕੱਢ ਦਿੱਤਾ ਮਿਤੀ 03.12.22 ਨੂੰ ਮੇਰਾ ਮੋਬਾਇਲ ਨੰ ਮੰਗਿਆ ਮਿਤੀ 07.12.2022 ਨੂੰ ਮੈ ਆਟੋ ਲੈਣ ਲਈ ਖੜ੍ਹਾ ਸੀ ਤਾਂ ਮੇਰਾ ਹੱਥ ਫੜ੍ਹ ਲਿਆ ਤੇ ਧਮਕੀਆ ਦਿੱਤੀਆ ਕਿ ਤੇਜਾਬ ਪਾ ਕੇ ਤੇਰੀ ਸਕਲ ਵਿਗਾੜ ਦਿਆਗਾ ਸਾਦੀ ਨਹੀ ਹੋਣ ਦਿਆਗਾ ਮੇਰੇ ਮੰਗੇਤਰ ਨੂੰ ਫੋਨ ਕਰਕੇ ਕਿਹਾ ਕਿ ਕੰਚਨ ਦੇ ਮੇਰੇ ਨਾਲ ਸਰੀਰਕ ਸੰਬੰਧ ਹਨ ਦਿਨੇਸ ਦੇ ਮਾਤਾ ਪਿਤਾ ਕਹਿੰਦੇ ਹਨ ਕਿ ਉਹ ਦਿਮਾਗੀ ਪ੍ਰੇਸਾਨ ਹੇ ਕਿਰਪਾ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ। |
| 4 | ਮੁਕੱਦਮਾ ਨੰ:140<br>ਮਿਤੀ:16-12-22<br>ਜੁਰਮ:279,337,427 ਆਈ.ਪੀ.ਸੀ<br>ਥਾਣਾ:- ਮਟੌਰ | ਲਖਵੀਰ ਸਿੰਘ ਪੁੱਤਰ ਸੇਖੁ ਰਾਮ ਵਾਸੀ ਪਿਡ ਬਲਿਆਲੀ ਮੋਹਾਲੀ 9855291732 | ਅਭਿਸੈਕ ਭਰਦਵਾਜ ਪੁੱਤਰ ਸੁਰਿੰਦਰ ਕੁਮਾਰ ਪਿੰਡ ਗਮਰੂ ਧਰਮਸਾਲਾ ਜਿਲ੍ਹਾ ਕਾਂਗਲਾ ਹਿਮਾਂਚਲ ਪ੍ਰਦੇਸ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਫੇਸ-7 ਇਡ:ਏਰੀਆ ਵਿੱਚ ਕੰਮ ਕਰਦਾ ਹਾਂ ਅਤੇ ਸੈਕਟਰ 71 ਤੋ ਤੇਲ ਦੀ ਕੈਨੀ ਆਪਣੇ ਮਾਲਕ ਦੀ ਫੈਕਟਰੀ ਵਿੱਚ ਲੈ ਕੇ ਜਾ ਰਿਹਾ ਸੀ ਤਾਂ ਜਦੋ ਮਕਾਨ ਨੰ:2265 ਸੈਕਟਰ 71 ਕੋਲ ਪੁੱਜਾ ਤਾਂ ਇੱਕ ਕਾਰ ਬਹੁਤ ਤੇਜ ਰਫਤਾਰੀ ਤੇ ਅਣਗਿਹਲੀ ਨਾਲ ਆਈ ਜਿਸਨੇ ਮੇਰੀ ਐਕਟਿਵਾ ਵਿੱਚ ਟੱਕਰ ਮਾਰੀ ਮੈ ਸੜਕ ਤੇ ਡਿੱਗ ਪਿਆ ਮੇਰੇ ਕਾਫੀ ਸੱਟਾ ਲੱਗੀਆ ਮੈ ਜੇਰੇ ਇਲਾਜ ਸੋਹਾਣਾ ਹਸਪਤਾਲ ਦਾਖਲ ਹਾਂ। |

| | | | | |
|---|---|---|---|---|
| 5 | ਮੁਕੱਦਮਾ ਨੰ:179<br>ਮਿਤੀ:16-12-22<br>ਜੁਰਮ:323,341,506,<br>294,34 ਆਈ.ਪੀ.ਸੀ<br>ਥਾਣਾ:- ਫੇਸ-8 | ਰੋਹਿਤ ਵਰਮਾ ਪੁੱਤਰ ਨਿਰਮਲ ਸਿੰਘ ਵਾਸੀ ਮਕਾਨ ਨੰ:05 ਪਿੰਡ ਕੁੰਬੜਾ 8725808126 | 1.ਅਮਰਿੰਦਰ ਸਿੰਘ ਪੁੱਤਰ ਜਸਵਿੰਦਰ ਸਿੰਘ 2.ਜਸਵਿੰਦਰ ਸਿੰਘ 3.ਮਨਦਪੀ ਕੌਰ ਪਤਨੀ ਅਮਰਿੰਦਰ ਸਿੰਘ 4.ਅਮਰਿੰਦਰ ਸਿੰਘ ਦੀ ਮਾਤਾ ਪਤਨੀ ਜਸਵਿੰਦਰ ਸਿੰਘ ਵਾਸੀ ਮਕਾਨ: ਨੰ:05 ਪਿੰਡ ਕੁੰਬੜਾ ਮੋਹਾਲੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਅਤੇ ਕਾਲਾ ਝਾੜ ਸਾਹਿਬ ਪੀ.ਜੀ ਦਾ ਕੇਅਰ ਟੇਕਰ ਹਾਂ ਮਿਤੀ 18.11.22 ਨੂੰ ਮੇਨੂੰ ਮੇਰੇ ਫੋਨ ਤੇ 87250-08126 ਪਰ ਅਮਰਿੰਦਰ ਦਾ ਫੋਨ ਆਇਆ ਜਿਸਨੇ ਗੰਦੀਆ ਗਾਲਾ ਕੱਢਣੀਆ ਸੁਰੂ ਕਰ ਦਿੱਤੀਆ ਜਿਸਨੇ ਕਿਹਾ ਕਿ ਆਪਣੇ ਪੀ.ਜੀ ਦੇ ਸਾਹਮਣੇ ਤੋ ਮੋਟਰਸਾਈਕਲ ਹਟਾ ਮੈ ਉਸ ਨੂੰ ਕਿਹਾ ਕਿ ਮੈ ਚੰਡੀਗੜ੍ਹ ਹਾਂ ਆ ਕੇ ਗੱਲ ਕਰਦੇ ਹਾਂ ਵਕਤ 08;05ਪੀ.ਐਮ ਪਰ ਮੈ ਪੀ.ਜੀ ਆਇਆ ਤਾਂ ਉਕਤਾਨ ਦੋਸੀਆਨ ਸਾਰੇ ਸਮੇਤ ਹਥਿਆਰਾ ਦੇ ਆ ਗਏ ਅਤੇ ਜਸਵਿੰਦਰ ਦੇ ਹੱਥ ਵਿੱਚ ਰਿਵਾਲਰ ਸੀ ਜਿਸਨੇ ਧਮਕੀ ਦਿੱਤੀ ਤੇ ਸਾਰਿਆ ਰਲ ਕੇ ਮੈਨੂੰ ਘੇਰ ਲਿਆ ਤੇ ਹੱਥੋ ਪਾਈ ਕੀਤੀ ਤੇ ਮੇਰੀ ਕੁੱਟਮਾਰ ਕੀਤੀ ਸੱਟਾ ਲੱਗਣ ਕਾਰਨ ਮੈ ਸਿਵਲ ਹਸਪਤਾਲ ਫੇਸ-6 ਮੋਹਾਲੀ ਦਾਖਲ ਹਾਂ ਜਿਸਦੀ ਹੁਣ ਤੱਕ ਰਾਜੀਨਾਮੇ ਦੀ ਗਲ ਚਲਦੀ ਰਹੀ ਜੋ ਸਿਰੇ ਨਹੀ ਚੜ੍ਹੀ। |
| 6 | ਮੁਕੱਦਮਾ ਨੰ:136<br>ਮਿਤੀ:16-12-22<br>ਜੁਰਮ:457,380<br>ਆਈ.ਪੀ.ਸੀ<br>ਥਾਣਾ:- ਫੇਸ-11 | ਨਵੀਨ ਸਪਰਾ ਪੁੱਤਰ ਮਦਨ ਲਾਲ ਵਾਸੀ ਮਕਾਨ ਨੰ:1066 ਪਹਿਲੀ ਮੰਜਿਲ ਫੇਸ-10 ਮੋਹਾਲੀ | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 3,4/12/2022 ਦੀ ਦਰਮਿਆਨੀ ਰਾਤ ਨੂੰ ਨਾ-ਮਾਲੂਮ ਵਿਅਕਤੀਆ ਨੇ ਮੇਰੇ ਘਰ ਵੜ੍ਹ ਕੇ ਚੋਰੀ ਕੀਤੀ ਹੈ ਕੋਈ ਵੀ ਦਰਵਾਜਾ ਖਿੜਕੀ ਨਹੀ ਟੁੱਟੇ ਹਨ ਤੇ ਮੇਰੇ ਬੈੱਡ ਰੂਮ ਵਿੱਚੋ ਮੇਰੀ ਪਤਨੀ ਦੇ ਸੋਨੇ ਅਤੇ ਚਾਂਦੀ ਦੇ ਗਹਿਣ ਚੋਰੀ ਹੋ ਗਏ ਹਨ ਅਤੇ ਕੁਝ ਕਰੰਸੀ 200 ਰੁਪਏ ਦੀ ਚੋਰੀ ਹੋ ਗਈ ਹੈ ਮੈ ਆਪਣੇ ਸਮਾਨ ਦੀ ਕਾਫੀ ਭਾਲ ਕੀਤੀ ਪਰ ਨਹੀ ਮਿਲਿਆ ਜਿਸਨੂੰ ਕੋਈ ਨਾ-ਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਏ ਹਨ। |
| 7 | ਮੁਕੱਦਮਾ ਨੰ:152<br>ਮਿਤੀ:16-12-22<br>ਜੁਰਮ:363,366ਏ<br>ਆਈ.ਪੀ.ਸੀ<br>ਥਾਣਾ:- ਬਲੌਂਗੀ | ਮਾਇਆ ਦੇਵੀ ਪਤਨੀ ਰਾਮੇਸ ਕਿਰਾਏਦਾਰ ਸਤਨਾਮ ਸਿੰਘ ਦਾ ਮਕਾਨ ਦੁਰਗਾ ਮੰਦਰ ਗਲੀ ਦਸਮੇਸ ਕਲੋਨੀ ਬਲੌਂਗੀ 8009589951 ਪੱਕਾ ਪਤਾ ਮੁਹੱਲਾ ਸੀਤਲ ਗੰਜ ਪੁਰਵਾ ਜਿਲ੍ਹਾ ਉਨਾਉ ਯੂ.ਪੀ | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੇਰੀ ਲੜਕੀ ਪਲਕ ਜਿਸਦੀ ਉਮਰ 15 ਸਾਲ 5 ਮਹੀਨੇ ਹੈ ਕੱਲ੍ਹ ਮਿਤੀ 15.12.2022 ਨੂੰ ਵਕਤ ਕਰੀਬ 08:00ਪੀ.ਐਮ ਪਰ ਆਪਣੇ ਘਰ ਵਿੱਚ ਹੀ ਰਹਿ ਰਿਹਾ ਸੀ ਤਾਂ ਮੇਰੀ ਲੜਕੀ ਘਰ ਤੋ ਕਰਿਆਨੇ ਦੀ ਦੁਕਾਨ ਤੇ ਦੁੱਧ ਲੈਣ ਲਈ ਗਈ ਸੀ ਜੋ ਵਾਪਸ ਨਹੀ ਆਈ ਅਸੀ ਉਸਦੀ ਭਾਲ ਕਰਦੇ ਰਹੇ ਪਰ ਕਿਤੇ ਨਹੀ ਮਿਲੀ ਮੈਨੂੰ ਸੱਕ ਹੈ ਕਿ ਮੇਰੀ ਲੜਕੀ ਪਲਕ ਨੂੰ ਕੋਈ ਨਾ-ਮਾਲੂਮ ਵਿਅਕਤੀ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਫੁਸਲਾ ਕੇ ਆਪਣੇ ਨਾਲ ਲੈ ਗਿਆ ਹੈ। |
| 8 | ਮੁਕੱਦਮਾ ਨੰ:153<br>ਮਿਤੀ:16-12-22<br>ਜੁਰਮ:354ਏ<br>ਆਈ.ਪੀ.ਸੀ<br>ਥਾਣਾ:- ਬਲੌਂਗੀ | ਕਾਜਲ ਪੁੱਤਰੀ ਸੁਰਿੰਦਰ ਕੁਮਾਰ ਵਾਸੀ ਮਕਾਨ ਨੰ:210 ਮੋਹਨੀਵਾਲਾ ਖੂਹ ਸੈਣੀ ਟਾਵਰ ਸੋਹਾਣਾ ਪੱਕਾ ਪਤਾ ਪਿੰਡ ਭਾਗਪੁਰ ਪੱਟੀ ਤਰਨਤਾਰਨ 6283596025 ਉਮਰ 23 | ਸੁਬੇਗ ਟੀ.ਐਸ. ਮੈਟਰਸ ਨੇੜੇ ਸਰਕਾਰੀ ਸਕੂਲ ਮਲੋਆ ਚੰਡੀਗੜ੍ਹ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਨੌਕਰੀ ਦੀ ਤਲਾਸੀ ਕਰ ਰਹੀ ਹਾਂ ਮੇਰੀ ਸਹੇਲੀ ਰਾਜ ਰਾਣੀ ਅਤੇ ਮੈ ਗੱਦੇ ਖਰੀਦਣ ਲਈ ਚੰਡੀਗੜ੍ਹ ਮਲੋਆ ਗਏ ਜਿੱਥੇ ਸਾਨੂੰ ਪਤਾ ਲੱਗਾ ਕਿ ਸਰਕਾਰੀ ਸਕੂਲ ਨੇੜੇ ਫੈਕਟਰੀ ਹੈ ਸਾਨੂੰ ਗੱਦੇ ਪਸੰਦ ਆ ਗਏ ਪਰ ਰੇਟ ਨਹੀ ਬਣਿਆ ਫੈਕਟਰੀ ਵਿੱਚ ਸਾਨੂੰ ਸੁਬੇਗ ਨਾਮ ਦਾ ਵਿਅਕਤੀ ਮਿਲਿਆ ਸੀ ਫੈਕਟਰੀ ਵਿੱਚ ਮੇਰਾ ਅਚਾਨਕ ਪੈਰ ਫਿਸਲ ਗਿਆ ਤਾਂ ਮੇਰੇ ਪੈਰ ਨੂੰ ਮੋਚ ਆ ਗਈ ਮੈਨੂੰ ਤੁਰਨ ਵਿੱਚ ਦਿੱਕਤ ਆ ਰਹੀ ਸੀ ਤਾਂ ਸੁਬੇਗ ਸਿੰਘ ਨੇ ਕਿਹਾ ਕਿ ਮੈ ਲਾਂਡਰਾ ਜਾ ਰਿਹਾ ਹਾਂ ਤੁਸੀ ਮੇਰੇ ਨਾਲ ਗੱਡੀ ਵਿੱਚ ਬੈਠ ਜਾਓ ਮੈ ਉਸਦੀ ਕਾਰ ਵਿੱਚ ਬੈਠ ਗਈ ਕਿ ਮੈਨੂੰ ਸੋਹਾਣਾ ਉਤਾਰ ਦਿਉ ਮੇਰੀ ਸਹੇਲੀ ਸਕੂਟਰੀ ਤੇ ਆ ਰਹੀ ਸੀ ਵਕਤ 02:45ਪੀ.ਐਮ ਪਰ ਜਦੋ ਅਸੀ ਟੀ.ਡੀ.ਆਈ ਨੇੜੇ ਪੁੱਜੇ ਤਾਂ ਸੁਬੇਗ ਮੇਰੇ ਨਾਲ ਅਸਲੀਲ ਗੱਲਾ ਕਰਨ ਲੱਗ ਪਿਆ ਤੇ ਮੇਰੇ ਸਰੀਰ ਨੂੰ ਟੱਚ ਕਰਨ ਲੱਗ ਪਿਆ ਮੈ ਉਸਦਾ ਵਿਰੋਧ ਕੀਤਾ ਤੇ ਗੱਡੀ ਰੋਕਣ ਲਈ ਕਿਹਾ ਤੇ ਉਸਦੀ ਕਾਰ ਵਿੱਚੋ ਉਤਰ ਗਈ ਤਾਂ ਸੁਬੇਗ ਗੱਡੀ ਭਜਾ ਕੇ ਲੈ ਗਿਆ। |
| 9 | ਮੁਕੱਦਮਾ ਨੰ:363<br>ਮਿਤੀ:16-12-22<br>ਜੁਰਮ:379ਬੀ<br>ਆਈ.ਪੀ.ਸੀ<br>ਥਾਣਾ:- ਸਿਟੀ ਖਰੜ | ਸਸੀ ਪਰਭਾ ਸਰਮਾ ਪਤਨੀ ਤਿਲਕ ਰਾਜ ਸਰਮਾ ਵਾਸੀ ਮਕਾਨ ਨੰ:303/ਡੀ ਗਰੀਨ ਵੈਲੀ ਸਿਟੀ ਖਰੜ 90412-32949 | ਦੋ ਨਾ-ਮਾਲੂਮ ਔਰਤਾ ਅਤੇ ਗੱਡੀ ਨੰ:ਬੀ.ਪੀ.34ਬੀ.5351 ਦਾ ਨਾ-ਮਾਲੂਮ ਡਰਾਈਵਰ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਵਕਤ 11:30ਏ.ਐਮ ਪਰ ਅਸੀ ਪਠਾਨਕੋਟ ਚੱਲੇ ਸੀ ਤਾਂ ਬੱਸ ਚੜਨ ਲੱਗੇ ਤਾਂ ਕਾਫੀ ਭੀੜ ਸੀ ਦੋ ਨਾ-ਮਾਲੂਮ ਔਰਤਾ ਬੱਸ ਦੇ ਦਰਵਾਜੇ ਵਿੱਚ ਖੜ੍ਹੀਆ ਸਨ ਜਿਹਨਾ ਚੜਦੇ ਹੋਏ ਮੇਰਾ ਸੋਨੇ ਦਾ ਕੜਾ ਕੱਟ ਲਿਆ ਤੇ ਪਿੱਛਲੀ ਬਾਰੀ ਉੱਤਰ ਗਈਆ ਜਦੋ ਮੈਨੂੰ ਪਤਾ ਲੱਗਾ ਤਾਂ ਮੈ ਆਪਣੇ ਪਤੀ ਨੂੰ ਦੱਸਿਆ ਤਾਂ ਦੋ ਔਰਤਾ ਭੱਜੀਆ ਜਾ ਰਹੀਆ ਸਨ ਅਸੀ ਉਹਨਾ ਦਾ ਪਿੱਛਾ ਕੀਤਾ ਤਾਂ ਉਹ ਇੱਕ ਕਾਰ ਨੰਬਰੀ ਪੀਬੀ.34.ਬੀ.5351 ਵਿੱਚ ਬੈਠ ਗਈਆ ਕਾਰ ਚੰਡੀਗੜ੍ਹ ਵਾਲੀ ਸਾਈਡ ਨੂੰ ਗਈਆ ਨਾ-ਮਾਲੂਮ ਔਰਤਾ ਨੇ ਹੀ ਚੂੜੀ ਕੱਟੀ ਹੈ ਬਣਦੀ ਕਾਰਵਾਈ ਕੀਤੀ ਜਾਵੇ। |

| | | | | |
|---|---|---|---|---|
| 10 | ਮੁਕੱਦਮਾ ਨੰ:364<br>ਮਿਤੀ:16-12-22<br>ਜੁਰਮ:420,120ਬੀ<br>ਆਈ.ਪੀ.ਸੀ<br>ਥਾਣਾ:- ਸਿਟੀ ਖਰੜ | ਮੁਨੀਸ ਕੁਮਾਰ ਪੁੱਤਰ ਰਮੇਸ ਕੁਮਾਰ ਵਾਸੀ ਮਕਾਨ ਸੀ-18 ਮਾਡਲ ਟਾਊਨ ਖਰੜ | 1.ਅਤੁਲ ਮਲਹੋਤਰਾ ਪੁੱਤਰ ਸ੍ਰੀ ਨਰੇਸ ਕੁਮਾਰ ਮਲਹੋਤਰਾ ਉਸਦੀ ਪਤਨੀ 2. ਰੀਟਾ ਮਲਹੋਤਰਾ ਵਾਸੀਆਨ ਸੈਕਟਰ 5 ਨੇੜੇ ਏਕਮੇ ਹਾਈਟ ਛੱਜੂ ਮਾਜਰਾ ਖਰੜ | ਮੁਦੱਈ ਮੁਕੱਦਮਾ ਨੇ ਇੱਕ ਦਰਖਾਸਤ ਨੰਬਰੀ 2193/ਪੇਸੀ/ਐਸ.ਐਸ.ਪੀ/ਮਿਤੀ 23.07.2022 ਨੂੰ ਦਿੱਤੀ ਕਿ ਉਕਤ ਦੋਸੀ ਅਤੁਲ ਮਲਹੋਤਰਾ ਅਤੇ ਰੀਟਾ ਮਲਹੋਤਰਾ ਪ੍ਰਾਪਰਟੀ ਦਾ ਕੰਮ ਕਰਦੇ ਹਨ ਜਿਹਨਾ ਨੇ 15 ਕਮਰਿਆ ਦਾ ਮਕਾਨ ਦਿਖਾਇਆ ਸੀ ਜਿਸਦੀ ਕੀਮਤ 46 ਲੱਖ ਰੁਪਏ ਦੀ ਡੀਲ ਹੋ ਗਈ ਸੀ ਟੋਕਨ ਰਾਸੀ 4 ਲੱਖ ਕੈਸ ਦਿੱਤੀ ਸੀ 19 ਲੱਖ ਲੋਨ ਕਰਵਾ ਦਿੱਤਾ ਮਿਤੀ 05.08.22 ਨੂੰ ਰਜਿਸਟਰੀ ਦੀ ਮਿਤੀ ਤੈਅ ਕੀਤੀ ਸੀ ਜੋ ਕਿ ਕੋਈ ਵੀ ਰਜਿਸਟਰ ਕਰਾਉਣ ਲਈ ਨਹੀ ਪੁਹਚਿਆ ਜਿਹਨਾ ਨੇ 23 ਲੱਖ ਦੀ ਠੱਗੀ ਮਾਰੀ ਹੈ ਨਾ ਹੀ ਮਕਾਨ ਦਿਵਾਇਆ ਨਾ ਹੀ ਪੈਸੇ ਵਾਪਸ ਕੀਤੇ ਦਰਖਾਸਤ ਦੀ ਪੜਤਾਲ ਉਪ ਕਪਤਾਨ ਖਰੜ-1 ਵੱਲੋ ਕੀਤੀ ਗਈ ਅਤੇ ਕਪਤਾਨ ਪੁਲਿਸ (ਦਿਹਾਤੀ) ਦੀ ਸਹਿਮਤੀ ਤੇ ਡੀ.ਡੀ.ਏ ਲੀਗਲ ਦੀ ਰਾਏ ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। |
| 11 | ਮੁਕੱਦਮਾ ਨੰ:76<br>ਮਿਤੀ:16-12-22<br>ਜੁਰਮ:21,22-61-85<br>ਐਨ.ਡੀ.ਪੀ.ਐਸ ਐਕਟ<br>ਥਾਣਾ:-ਸਦਰ ਕੁਰਾਲੀ | ਸ:ਥ:ਤਿਲਕ ਰਾਜ | ਵਰਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਪਿੰਡ ਢੰਗਰਾਲੀ ਜਿਲ੍ਹਾ ਰੋਪੜ | ਮਨ ਸ:ਥ:ਸਮੇਤ ਸਾਥੀ ਕਰਮਚਾਰੀਆ ਦੇ ਬਾ ਸਿਲਸਿਲਾ ਗਸਤ ਵਾ ਚੈਕਿੰਗ ਸੱਕੀ ਪੁਰਸਾ ਦੇ ਸੰਬੰਧ ਵਿੱਚ ਜੀ.ਟੀ ਰੋਡ ਕਰਾਸ ਕਰਕੇ ਪਿੰਡ ਸਿੰਘਪੁਰਾ ਨੂੰ ਆ ਰਹੇ ਸੀ ਤਾਂ ਵਕਤ 08:30ਪੀ.ਐਮ ਪਰ ਦਾ ਹੋਵੇਗਾ ਕਿ ਇੱਕ ਮੁੱਲਾ ਫੈਸਨ ਨੌਜਵਾਨ ਆਉਦਾ ਦਿਖਾਈ ਦਿੱਤਾ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਸੱਜੇ ਹੱਥ ਮੁੜ ਗਿਆ ਤੇ ਜੇਬ ਵਿੱਚੋ ਕਾਲੇ ਰੰਗ ਦਾ ਲਿਫਾਫਾ ਘਾਹ ਵਿੱਚ ਸੁੱਟ ਦਿੱਤਾ ਮਨ ਸ:ਥ:ਨੇ ਸਾਥੀ ਕਰਮਚਾਰੀਆ ਦੀ ਮਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ ਤੇ ਘਾਹ ਵਿੱਚ ਸੁੱਟਿਆ ਲਿਫਾਫਾ ਚੈੱਕ ਕੀਤਾ ਤਾਂ **05 ਗ੍ਰਾਮ ਹੈਰੋਇਨ** ਬਰਾਮਦ ਹੋਈ। |
| 12 | ਮੁਕੱਦਮਾ ਨੰ:492<br>ਮਿਤੀ:16-12-22<br>ਜੁਰਮ:380,411<br>ਆਈ.ਪੀ.ਸੀ<br>ਥਾਣਾ:- ਜੀਰਕਪੁਰ | ਰਵਿੰਦਰ ਤੁਸਾਰ ਪੁੱਤਰ ਸ੍ਰੀ ਦੇਵੀ ਦਿਆਲ ਵਾਰਡ ਨੰ:05 ਪ੍ਰੇਮ ਨਗਰ ਲਾਲੜੂ 9646132083 | 1.ਅਕਰਮ ਪੁੱਤਰ ਮਹਿੰਦੀ ਹੁਸੈਨ ਪਿੰਡ ਸੰਬਲ ਜਿਲ੍ਹਾ ਸੰਬਲ ਪਿੰਡ ਸੰਭਲ ਮੁਰਾਦਾਬਾਦ ਯੂ.ਪੀ ਹਾਲ ਵਾਸੀ ਪਿੰਡ ਭਬਾਤ ਜੀਰਕਪੁਰ ਅਤੇ 3,4 ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਬਿਜਲੀ ਵਿਭਾਗ ਵਿੱਚ ਬਤੌਰ ਜੇ.ਈ ਪਿੰਡ ਭਬਾਤ ਲੱਗਾ ਹੋਇਆ ਹਾਂ ਐਸ.ਟੀ.ਪੀ ਪਲਾਟ ਸਿੰਗਪੁਰਾ ਦੇ ਪਾਸ ਤਾਰਾ ਪਾਉਣ ਦਾ ਕੰਮ ਚੱਲ ਰਿਹਾ ਹੈ ਅੀ ਨਵੀਆ ਤਾਰਾ ਪਾਉਣ ਲਈ ਗੋਲਡੀ ਵਾਸੀ ਬਿਸਨਪੁਰਾ ਦਾ ਵਾੜੇ ਵਿੱਚ ਨਵੀਆ ਤਾਰਾ ਰੱਖੀਆ ਹੋਈਆ ਹਨ ਅੱਜ ਮੈਨੂੰ ਮੇਰੇ ਕਰਮਚਾਰੀ ਦਾ ਫੋਨ ਆਇਆ ਕਿ ਇੱਕ ਆਟੋ ਚਾਲਕ ਸਮੇਤ 3,4 ਔਰਤਾ ਤਾਰਾ ਚੋਰੀ ਕਰਕੇ ਆਪਣੇ ਆਟੋ ਵਿੱਚ ਲੋਡ ਕੀਤੀਆ ਹੋਈਆ ਹਨ ਆਟੋ ਚਾਲਕ ਨੂੰ ਅਸੀ ਫੜ੍ਹ ਲਿਆ ਅਤੇ ਔਰਤਾ ਭੱਜ ਗਈਆ। |